# Visit of External Affairs Minister to Maldives and Sri Lanka (January 18-20, 2023)

January 17, 2023

..................

## ਵਿਦੇਸ਼ ਮੰਤਰੀ ਵੱਲੋਂ ਮਾਲਦੀਵ ਅਤੇ ਸ਼੍ਰੀਲੰਕਾ ਦਾ ਦੌਰਾ (18-20 ਜਨਵਰੀ, 2023)

## 17 ਜਨਵਰੀ, 2023

1. ਵਿਦੇਸ਼ ਮੰਤਰੀ ਡਾ. ਐੱਸ ਜੈਸ਼ੰਕਰ 18-20 ਜਨਵਰੀ, 2023 ਤੱਕ ਮਾਲਦੀਵ ਅਤੇ ਸ਼੍ਰੀਲੰਕਾ ਦਾ ਅਧਿਕਾਰਤ ਦੌਰਾ ਕਰਨਗੇ।

2. ਆਪਣੀ ਮਾਲਦੀਵ ਆਪਣੀ ਯਾਤਰਾ ਦੌਰਾਨ ਵਿਦੇਸ਼ ਮੰਤਰੀ ਰਾਸ਼ਟਰਪਤੀ ਮਹਾਮਹਿਮ ਸ਼੍ਰੀ ਇਬਰਾਹਿਮ ਮੁਹੰਮਦ ਸੋਲਿਹ ਅਤੇ ਵਿਦੇਸ਼ ਮੰਤਰੀ ਮਹਾਮਹਿਮ ਸ਼੍ਰੀ ਅਬਦੁੱਲਾ ਸ਼ਾਹਿਦ ਨਾਲ ਗੱਲਬਾਤ ਕਰਨਗੇ। ਵਿਦੇਸ਼ ਮੰਤਰੀ ਦੀ ਫੇਰੀ ਦੌਰਾਨ ਦੁਵੱਲੇ ਵਿਕਾਸ ਸਹਿਯੋਗ ਨਾਲ ਸਬੰਧਤ ਸਮਝੌਤਿਆਂ 'ਤੇ ਹਸਤਾਖਰ ਕੀਤੇ ਜਾਣਗੇ, ਉਦਘਾਟਨ/ਹੈਂਡਿੰਗ-ਓਵਰ ਅਤੇ ਕਈ ਪ੍ਰਮੁੱਖ ਭਾਰਤ-ਸਮਰਥਿਤ ਪ੍ਰੋਜੈਕਟਾਂ ਦੀ ਸ਼ੁਰੂਆਤ ਹੋਵੇਗੀ ਜੋ ਮਾਲਦੀਵ ਦੇ ਸਮਾਜਿਕ-ਆਰਥਿਕ ਵਿਕਾਸ ਵਿੱਚ ਯੋਗਦਾਨ ਪਾਉਣਗੇ।

3. ਵਿਦੇਸ਼ ਮੰਤਰੀ ਦੀ ਸ਼੍ਰੀਲੰਕਾ ਫੇਰੀ ਜਨਵਰੀ, 2021 ਅਤੇ ਮਾਰਚ, 2022 ਵਿੱਚ ਹੋਏ ਉਨ੍ਹਾਂ ਦੇ ਸ਼੍ਰੀਲੰਕਾ ਪਹਿਲੇ ਦੌਰੇ ਤੋਂ ਬਾਅਦ ਹੋ ਰਹੀ ਹੈ। ਸ਼੍ਰੀਲੰਕਾ ਕਰੀਬੀ ਦੋਸਤ ਅਤੇ ਗੁਆਂਢੀ ਹੈ ਅਤੇ ਭਾਰਤ ਹਰ ਸਮੇਂ ਸ਼੍ਰੀਲੰਕਾ ਦੇ ਲੋਕਾਂ ਨਾਲ ਖੜ੍ਹਾ ਰਿਹਾ ਹੈ। ਇਸ ਦੌਰੇ ਦੌਰਾਨ ਵਿਦੇਸ਼ ਮੰਤਰੀ ਰਾਸ਼ਟਰਪਤੀ ਮਹਾਮਹਿਮ ਸ਼੍ਰੀ ਰਾਨਿਲ ਵਿਕਰਮਸਿੰਘੇ ਅਤੇ ਪ੍ਰਧਾਨ ਮੰਤਰੀ ਮਹਾਮਹਿਮ ਸ਼੍ਰੀ ਦਿਨੇਸ਼ ਗੁਣਵਰਧਨਾ ਅਤੇ ਵਿਦੇਸ਼ ਮੰਤਰੀ ਮਹਾਮਹਿਮ ਸ਼੍ਰੀ ਐਮ.ਯੂ.ਐਮ. ਅਲੀ ਸਾਬਰੀ ਨਾਲ ਵੀ ਗੱਲਬਾਤ ਕੀਤੀ ਅਤੇ ਉਨ੍ਹਾਂ ਨੂੰ ਭਾਰਤ-ਸ਼੍ਰੀਲੰਕਾ ਦੀ ਨਜ਼ਦੀਕੀ ਸਾਂਝੇਦਾਰੀ ਦੇ ਸਮੁੱਚੇ ਪਹਿਲੂਆਂ ਅਤੇ ਇਸ ਨੂੰ ਸਾਰੇ ਖੇਤਰਾਂ ਵਿੱਚ ਮਜ਼ਬੂਤ ਕਰਨ ਲਈ ਚੁੱਕੇ ਕਦਮਾਂ ਬਾਰੇ ਦੱਸਿਆ।

4. ਮਾਲਦੀਵ ਅਤੇ ਸ਼੍ਰੀਲੰਕਾ ਦੋਵੇਂ ਹਿੰਦ ਮਹਾਸਾਗਰ ਖੇਤਰ ਵਿੱਚ ਭਾਰਤ ਦੇ ਪ੍ਰਮੁੱਖ ਸਮੁੰਦਰੀ ਗੁਆਂਢੀ ਹਨ ਅਤੇ ਪ੍ਰਧਾਨ ਮੰਤਰੀ ਦੇ 'SAGAR' (ਖੇਤਰ ਵਿੱਚ ਸਭ ਲਈ ਸੁਰੱਖਿਆ ਅਤੇ ਵਿਕਾਸ) ਅਤੇ 'ਗੁਆਂਢੀ ਪਹਿਲਾਂ' ਦੇ ਨਜ਼ਰੀਏ ਵਿਜ਼ਨ ਵਿੱਚ ਉਚੇਚੀ ਮਹੱਤਤਾ ਰੱਖਦੇ ਹਨ। ਵਿਦੇਸ਼ ਮੰਤਰੀ ਦੀ ਯਾਤਰਾ ਭਾਰਤ ਵੱਲੋਂ ਮਾਲਦੀਵ ਅਤੇ ਸ਼੍ਰੀਲੰਕਾ ਨਾਲ ਆਪਣੇ ਨਜ਼ਦੀਕੀ ਅਤੇ ਦੋਸਤਾਨਾ ਸਬੰਧਾਂ ਨੂੰ ਦਿੱਤੇ ਜਾਣ ਵਾਲੇ ਮਹੱਤਵ ਦਾ ਸਬੂਤ ਹੈ।

ਨਵੀਂ ਦਿੱਲੀ

17 ਜਨਵਰੀ, 2023

DISCLAIMER: This is an approximate translation. The original is available in English on MEA's website and may be referred to as the official press release.